

# 17

# ਅਰਥ-ਚਿੱਤਰ

ਸ਼ਬਦਾਂ ਦੇ ਅਰਥ ਵਿਕਾਸ ਵਿਚ ਵਿਅੰਜਨਾ-ਸ਼ਕਤੀ ਦਾ ਉੱਘਾ ਹੱਥ ਹੈ । ਅਵੱਸ਼ ਹੀ ਅਰਥਾਂ ਦੇ ਰੂਪਕਾਂ ਤੋਂ ਮਾਨਵ ਦੀ ਸੰਵੇਦਨਸ਼ੀਲਤਾ, ਕਾਵਿਕਤਾ, ਠਠੋਲੇਪਣ ਤੇ ਜੁਗਤਬਾਜ਼ੀ ਦੀ ਦੱਸ ਪੈਂਦੀ ਹੈ। ਜ਼ਰਾ ਧਿਆਨ ਨਾਲ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਅਰਥ-ਵਿਕਾਸ ਅਤੇ ਚਿੱਤਰ-ਕਲਾ ਦੀਆਂ ਸੀਮਾਵਾਂ ਇਕ ਦੂਜੇ ਨਾਲ ਮੇਲ ਖਾਂਦੀਆਂ ਹਨ । ਇਥੇ ਅਰਥਾਂ ਦੇ ਅਜਿਹੇ ਵਿਕਾਸ ਨੂੰ ਚਿੱਤਰਾਂ ਦੁਆਰਾ ਦਰਸਾਇਆ ਗਿਆ ਹੈ। ਇਸ ਕੰਮ ਵਿਚ ਮੁੱਖ ਤੌਰ ਤੇ ਜੀਵਾਂ ਅਤੇ ਬਨਸਪਤੀ ਦੇ ਰੂਪਕਾਂ ਨੂੰ ਹੀ ਸ਼ਾਮਲ ਕੀਤਾ ਗਿਆ ਹੈ।




**1. ਬਘਿਆੜ :** ਇਹ ਇਕ ਡਾਢਾ ਖੂੰਖਾਰ ਜਾਨਵਰ ਹੈ, ਜਿਸ ਦੇ ਦੰਦ ਅੱਗੋਂ ਮੁੜੇ ਹੋਏ ਹੁੰਦੇ ਹਨ, ਤਾਂ ਜੋ ਸ਼ਿਕਾਰ ਨੂੰ ਮਾਰਿਆ ਬੁੱਚ ਬਿਰਥਾ ਨਾ ਜਾਏ । ਇਸ ਦਾ ਮੂੰਹ ਅਜਿਹਾ ਹੈ, ਜਿਸ ਤੋਂ ਨਿਪੀੜਣ, ਘੁੱਟ ਸੁੱਟਣ ਤੇ ਚੱਬ ਜਾਣ ਦਾ ਪ੍ਰਭਾਵ ਪੈਂਦਾ ਹੈ। ਦੰਦਾਂ ਅਤੇ ਮੂੰਹ ਦੀ ਅਜਿਹੀ ਬਣਤਰ ਤੋਂ ਬਘਿਆੜ ਜਾਂ ਇਸ ਦੀ ਮਦੀਨ, ਬਘਿਆੜੀ ਦੇ ਇਹ ਰੂਪਕ ਬਣਦੇ ਹਨ :



**1.1 ਵਾਲਾਂ ਨੂੰ ਫੜ ਕੇ ਰੱਖਣ ਵਾਲਾ ਇਕ ਗਹਿਣਾ,** ਅਰਥਾਤ ਇਕ ਤਰ੍ਹਾਂ ਦਾ ਕਲਿੱਪ ਜੋ ਕਿਸੇ ਸਮੇਂ ਜ਼ਨਾਨੀਆਂ ਪਰਾਂਦੇ ਉਪਰ ਲਾਉਂ-ਦੀਆਂ ਸਨ—ਟ.ਕ. ਪੰਜ. 'ਬਘਿਆੜੀ', ਇੰਜ (ਦੇਖੋ "ਚੌਕੀਦਾਰਨੀ ਬਣੀ ਬਘਿਆੜੀ, ਤੀਲੀ ਬਣੀ ਟਹਿਲਦਾਰਨੀ" ; ਲੋਕ-ਗੀਤ) ।

**1.2 ਮੂੰਹ-ਜ਼ੋਰ ਘੋੜੇ ਨੂੰ ਕਾਬੂ ਕਰਨ ਵਾਲਾ ਸਖਤ ਕੰਡਿਆਲਾ** — ਟ. ਕ. ਲਾਤ. *lupus*, ਇੰਜ ; ਹੋਰ ਅਰਥ ਬਘਿਆੜ (ਸਬੰਧਤ ਅੰਗ. *lupine*, ਬਘਿਆੜ ਵਰਗਾ)। ਹੋਰ ਟ.ਕ. ਪੰਜ. 'ਬਘਿਆੜੀ', ਛੋਟੇ ਕੱਟੇ ਜਾਂ ਵੱਛੇ ਦਾ ਮੂੰਹ ਨੱਪ ਕੇ ਰੱਖਣ ਲਈ ਸੂਲਾਂ ਵਾਲੀ ਛਿੱਕਲੀ, ਤਾਂ ਜੋ ਉਹ ਚੋਰੀ ਆਪਣੀ ਮਾਤਾ ਨੂੰ ਚੁੰਘ ਨਾ ਸਕੇ (ਦੇਖੋ. ਪੰਜਾਬੀ ਕੋਸ਼. 'ਕੰਡਾਲੀ' ਦੇ ਅਧੀਨ)।



**1.3 ਕਿਸੇ ਚੀਜ਼ ਨੂੰ ਘੁੱਟ ਕੇ ਫੜਣ ਵਾਲਾ ਲੋਹੇ ਦਾ ਯੰਤਰ**, ਅਰਥਾਤ ਜਬੂਰ—ਟ.ਕ. ਫ੍ਰਾਂ. *loup*, ਬਘਿਆੜ; ਹੋਰ ਅਰਥ ਮੇਖਾਂ ਪੁੱਟਣ ਵਾਲ ਜਬੂਰ । ਮਿਲਦੇ ਜੁਲਦੇ ਅਰਥ ਵਿਕਾਸ ਲਈ ਦੇਖੋ ਪੰਜ. 'ਸੰਨ੍ਹੀ', ਹਿੰਦੀ 'ਸੰਡਾਸੀ', ਸੰਸ. 'ਸੰਦੇਸ਼', ਇਕ ਤਰ੍ਹਾਂ ਦਾ ਜਬੂਰ ('ਸੰ', ਇਕ ਅਗੇਤਰ + ਧਾਤੂ 'ਦੰਸ਼', ਡੱਸਣਾ, ਅਰਥਾਤ ਸ਼ਿਕਾਰੀ ਜਾਂ ਜ਼ਹਿਰੀਲੇ ਜੀਵ ਦਾ ਦੰਦਾਂ ਨਾਲ ਸ਼ਿਕਾਰ ਨੂੰ ਨਿਪੀੜਣਾ, ਘੁੱਟ ਕੇ ਫੜਣਾ)।



**1.4 ਕਿਸੇ ਚੀਜ਼ ਨੂੰ ਫੜਣ ਜਾਂ ਅੜੁੰਗਣ ਵਾਲੀ ਕੁੰਡੀ**, ਬਘਿਆੜ ਦੇ ਖੁੰਡੇ ਦੰਦਾ ਦੀ ਰੀਸੇ—ਟ.ਕ. ਲਾਤ. *lupus*, ਬਘਿਆੜ (ਦੇਖੋ 1. 2.), ਹੋਰ ਅਰਥ ਹੁੱਕ ਜਾਂ ਕੁੰਡੀ ।




**2. ਗਊ :** ਗੁਆਲ-ਯੁੱਗ ਵਿਚ ਗਊ ਦੀ ਬੜੀ ਪੁੱਛ-ਪ੍ਰਤੀਤ ਸੀ। ਭੂਤਕਾਲ ਦੇ ਇਸ ਦੌਰ ਵਿਚ ਮਨੁੱਖ ਦਾ ਨਿੱਤ-ਪ੍ਰਤੀ ਜੀਵਨ ਗਊ ਦੇ ਧੁਰੇ ਦੁਆਲੇ ਘੁੰਮਦਾ ਸੀ। ਗਊਆਂ ਨਾਲ ਡੂੰਘੀ ਸਾਂਝ ਤੇ ਨੇੜਤਾ ਕਰਕੇ ਸਾਡੀ ਭਾਸ਼ਾ ਵਿਚ ਅਨੇਕ ਸ਼ਬਦ ਅਜਿਹੇ ਮਿਲਦੇ ਹਨ, ਜਿਨ੍ਹਾਂ ਦੇ ਆਰੰਭ ਵਿਚ 'ਗੋ' ਜਾਂ 'ਗੁ', ਅਰਥਾਤ "ਗਊ" ਦਾ ਸੂਚਕ ਅੰਸ਼ ਬੋਲਦਾ ਹੈ, ਜਿਵੇਂ ਗੋਸ਼ਟੀ, ਗੋਤਰ, ਗੋਚਰ, ਗੋਪੀ, ਗੁਸਾਈਂ, ਗੁਦਾਵਰੀ, ਗੁਆਲਾ, ਗੁਟਾਰ ਇਤਿਆਦਿ। ਮਨੁੱਖ ਨੇ ਬੜੀ ਨੀਝ ਤੇ ਸ਼ਰਧਾ ਨਾਲ ਗਊ ਦੇ ਅੰਗ-ਅੰਗ ਨੂੰ ਤੱਕਿਆ ਹੈ, ਅਤੇ ਗਊ ਦੇ ਅੰਗਾਂ ਨੂੰ ਨਵੇਂ-ਨਵੇਂ ਮੋੜ ਦਿੱਤੇ ਹਨ। ਇਸ ਸਿਲਸਿਲੇ ਵਿਚ ਅਸੀਂ ਗਊ ਦੇ ਥਣਾਂ ਤੇ ਉਸ ਦੇ ਖੁਰਾਂ ਨੂੰ ਦੂਰ ਅਤੀਤ ਦੇ ਗਊ-ਪਾਲਕਾਂ ਦੀ ਦ੍ਰਿਸ਼ਟੀ ਤੋਂ ਦੇਖਦੇ ਹਾਂ।

**2.1 ਥਣ :** ਗਊ ਦੇ ਚੱਡੇ, ਅਰਥਾਤ ਹੇਠਾਂ ਨੂੰ ਲਟਕਦੀ ਭਾਰੀ ਜਿਹੀ ਦੁੱਧ-ਗ੍ਰੰਥੀ ਨਾਲ, ਆਮ ਤੌਰ ਤੇ, ਥਣਾਂ ਦੀਆਂ ਚਾਰ ਲੜੀਆਂ ਪਲਮਦੀਆਂ ਹਨ। ਅਜਿਹੀ ਬਣਤਰ ਤੋਂ ਨਿਮਨ ਰੂਪਕ ਉਗਮਦੇ ਹਨ :



**2.2 ਅੰਗੂਰਾਂ ਦਾ ਗੁੱਛਾ :** ਟ.ਕ.; ਸੰਸ. 'ਗੋਸਤਨਾ', ਇੰਜ. (ਵਲੋਂ 'ਗੋ-ਸਤਨ', ਗਊ ਦੇ ਥਣ ਜਾਂ ਚੱਡਾ)।



**2.3 ਇਕ ਪ੍ਰਕਾਰ ਦੇ ਮੋਟੇ ਤੇ ਲੰਮੇ ਅੰਗੂਰ,** ਇਸ ਦ੍ਰਿਸ਼ਟੀ ਤੋਂ ਕਿ ਗਊ ਦੇ ਥਣ ਅਤੇ ਅੰਗੂਰ ਵਿਚ ਰੂਪ ਦੀ ਸਮਾਨਤਾ ਹੈ। ਇਸ ਤੋਂ ਇਲਾਵਾ, ਰਸ ਨਾਲ

ਭਰਪੂਰ ਅੰਗੂਰ ਗਊ ਦੇ ਦੁੱਧ ਨਾਲ ਭਰੇ ਥਣ ਦੀ ਵੀ ਯਾਦ ਦੁਆਉਂਦੇ ਹਨ—ਟ. ਕ. ਸੰਸ. 'ਗੋਸਤਨੀ', ਇਕ ਪ੍ਰਕਾਰ ਦੇ ਲਾਲ ਰੰਗ ਦੇ ਅੰਗੂਰ, ਮੁਨੱਕਾ, ਗਊ ਦੇ ਥਣਾਂ ਦੀ ਰੰਗਤ ਨਾਲ ਸਹਿਮਤ (ਵਲੋਂ 'ਗੋ-ਸਤਨ', ਗਊ ਦਾ ਥਣ)। ਹੋਰ ਟ. ਕ. ਯੂਨਾ. *boumastos*, ਇਕ ਪ੍ਰਕਾਰ ਦੇ ਵੱਡੇ ਅੰਗੂਰ, ਮੂਲ ਅਰਥ ਗਊ ਦਾ ਥਣ, ਵਲੋਂ *bou*, ਗਊ (ਦੇਖੋ ਅੰਗ. *boucolic*, ਗਊ-ਚਾਰਕ, ਗੁਆਲ)+ *mastos*, ਥਣ, ਛਾਤੀ (ਦੇਖੋ ਅੰਗ. *masto*, ਇੰਜ.)।




**2.4 ਚਾਰ-ਲੜੀਆ ਮੋਤੀਆਂ ਦਾ ਹਾਰ** : ਗਊ ਦੇ ਚਾਰ ਥਣਾਂ ਦੀ ਗਿਣਤੀ ਤੇ ਆਧਾਰਤ—ਟ.ਕ. ਸੰਸ. 'ਗੋਸਤਨ', ਇੰਜ. (ਵਲੋਂ 'ਗੋ-ਸਤਨ', ਗਊ ਦੇ ਥਣ)।




**2.5 ਖੁਰ** : ਗਊ ਦਾ ਵਾਢੇ-ਦਾਰ ਅਤੇ ਗੁਲਾਈ ਦਾ ਸੁਝਾਉ ਦਿੰਦਾ ਖੁਰ ਨਿਮਨ ਰੂਪ ਧਾਰਨ ਕਰਦਾ ਹੈ :




**2.6 ਹੱਥ ਜਾਂ ਪੈਰ ਦਾ ਇਕ ਪੁਰਾਤਨ ਚੂੜੀਦਾਰ ਗਹਿਣਾ :** ਜੋ ਵਿਚਕਾਰੋਂ ਮੋਟਾ ਹੁੰਦਾ ਹੈ ਅਤੇ ਸਿਰਿਆਂ ਵਲ ਨੂੰ ਰੇਬ ਹੁੰਦਾ ਜਾਂਦਾ ਹੈ। ਇਸ ਦੇ ਦੋਨਾਂ ਸਿਰਿਆ ਵਿਚਕਾਰ (ਗਊ ਦੇ ਖੁਰ ਵਾਂਗ) ਵਾਢਾ ਹੁੰਦਾ ਹੈ। ਗਊ ਦੇ ਖੁਰ ਦਾ ਜ਼ਨਾਨੀਆਂ ਦੀ ਸ਼ਿੰਗਾਰ-ਸਮੱਗਰੀ ਵਜੋਂ ਉੱਭਰਨਾ, ਅਰਥਾਤ ਗੋਪੀਆਂ ਦਾ ਗਊਆਂ ਦਾ ਰੂਪ ਗ੍ਰਹਿਣ ਕਰਨ ਦੀ ਚਾਹਤ, ਗਊ ਪ੍ਰਤੀ ਅਥਾਹ ਪ੍ਰੇਮ ਤੇ ਸ਼ਰਧਾ ਦੀ ਇਕ ਅਨੋਖੀ ਉਦਾਹਰਣ ਹੈ—ਟ. ਕ. ਪੰਜ. 'ਗੋਖਰੂ', ਉਪਰੋਕਤ ਢੰਗ ਦਾ ਗਹਿਣਾ, ਮੂਲ ਅਰਥ ਗਊ ਦਾ ਖੁਰ।



**3. ਕੇਕੜਾ :** ਗੋਲ ਜਿਹੇ ਸਰੀਰ ਵਾਲਾ, ਪੰਜ ਜੋੜੇ ਲੱਤਾਂ ਵਾਲਾ, ਖਾਧਾ ਜਾਣ ਵਾਲਾ ਜਲ-ਜੀਵ। ਇਸ ਦੀਆਂ ਸਾਹਮਣਲੀਆਂ ਦੋ ਲੱਤਾਂ ਨਾਲ ਖੁੱਲ੍ਹੀ ਹੋਈ ਚਿਮਟੀ ਵਰਗੇ ਅੱਗੋਂ ਗੋਲ-ਮੋਲ ਲੰਮੇ ਪੰਜੇ, ਅਰਥਾਤ ਸਿੰਗੜੀਆਂ (*pincers*) ਹੁੰਦੀਆਂ ਹਨ। ਲੱਤਾਂ ਦੀ ਦ੍ਰਿਸ਼ਟੀ ਤੋਂ ਇਹ ਜੀਵ ਮੱਕੜੀ ਨਾਲ ਕਾਫੀ ਮਿਲਦਾ ਜੁਲਦਾ ਹੈ। ਕੇਕੜੇ ਦੀ ਬਣਤਰ ਤੋਂ ਨਿਮਨ ਰੂਪਕਾਂ ਦਾ ਪ੍ਰਗਟਾਉ ਹੁੰਦਾ ਹੈ :



**3.1 ਤਰ :** ਅਰਥਾਤ ਖੀਰੇ ਦੀ ਜਾਤੀ ਦੀ ਇਕ ਲੰਮੀ, ਸਿਰਿਆਂ ਵਲੋਂ (ਕੇਕੜੇ ਦੀਆਂ ਸਿੰਗੜੀਆਂ ਵਾਂਗ) ਅੰਦਰ ਨੂੰ ਮੁੜੀ ਹੋਈ ਸਬਜ਼ੀ, ਜਿਸ ਨੂੰ ਸਲਾਦ ਵਜੋਂ ਖਾਧਾ ਜਾਂਦਾ ਹੈ। ਇਸ ਦੇ ਸਿਰਿਆਂ ਦੀ ਗੁਲਾਈ ਦਾ ਕੁਝ ਅਜਿਹਾ ਰੰਗ-ਢੰਗ ਹੈ, ਜਿਸ ਤੋਂ ਕੇਕੜੇ ਦੀ ਅੱਖ ਦੀ ਝਲਕ ਪੈਂਦੀ ਹੈ। ਫਿਰ ਇਸ ਸਬਜ਼ੀ ਦੀ ਫੈਲਵੀਂ ਵੇਲ ਨੂੰ ਤੰਦਵੇਂ ਵੀ ਤਾਂ ਲਗਦੇ ਹਨ, ਜਿਨ੍ਹਾਂ ਤੋਂ ਕੇਕੜੇ ਦੀਆਂ ਫੈਲਵੀਆਂ ਲੱਤਾਂ ਦਾ ਭਰਮ ਪੈਂਦਾ ਹੈ—ਟ.ਕ. ਪੰਜ. 'ਕੱਕੜੀ', ਤਰ, ਵਲੋਂ ਸੰਸ.




'ਕਰਕਟੀ', ਕੇਕੜੀ ('ਕਰਕਟ', ਅਰਥਾਤ ਕੇਕੜੇ ਦੀ ਮਦੀਨ) ; ਇਸ ਲਈ ਕੱਕੜੀ ਜਾਂ ਤਰ (Cucumis utilissimus ; ਦੇਖੋ ਮੋ. ਵਿਲੀ.)। ਹੋਰ ਦੇਖੋ ਸੰਸ. 'ਕਰਕਟਾਕਸ਼' ਕੱਕੜੀ, ਮੂਲ ਅਰਥ ਕੇਕੜੇ ਦੀ ਅੱਖੀ (ਵਲੋਂ 'ਕਰਕਟ', ਕੇਕੜਾ + 'ਅਕਸ਼ਿ', ਅੱਖੀ)। ਇੰਜ ਕਰਕੇ, ਪੰਜਾਬੀ 'ਕੱਕੜੀ' ਤੇ 'ਕੇਕੜੀ' ਇਕੋ ਹੀ ਸੂਤ੍ਰ ਦੇ ਸ਼ਬਦ ਹਨ (ਟਰਨਰ ਦੇ ਵਿਚਾਰ ਮੁਜਬ, ਸੰਸ. 'ਕਰਕਟੀ', ਇਸ ਲਈ ਪੰਜ. 'ਕੱਕੜੀ' "possibly same as Skt. *karkaṭī*, a female crab"। ਕੇਕੜੇ ਤੇ ਕੱਕੜੀ ਦੇ ਆਪਸੀ ਮੇਲ ਲਈ ਅੰਗਰੇਜ਼ੀ *sea cucumber* (ਸਮੁੰਦਰੀ ਖੀਰਾ) ਨੂੰ ਦੇਖਿਆ ਜਾ ਸਕਦਾ ਹੈ, ਜਿਸ ਦਾ ਅਰਥ ਇਕ ਪ੍ਰਕਾਰ ਦਾ ਖਾਧਾ ਜਾਣ ਵਾਲਾ ਜਲ-ਜੀਵ ਹੈ।


**3.2 ਰੱਤੀ** : ਇਕ ਸ਼ੋਖ ਲਾਲ ਰੰਗ ਦਾ ਬੀਜ, ਜਿਸ ਦੇ ਸਿਰੇ ਤੇ ਕਾਲੇ ਰੰਗ ਦਾ ਇਕ ਅਜਿਹਾ ਨਮੂਨਾ ਬਣਿਆ ਹੁੰਦਾ ਹੈ ਜੋ ਕੇਕੜੇ ਦੀ ਅੱਖ ਦਾ ਬੜਾ ਵਧੀਆ ਸੁਝਾਉ ਦਿੰਦਾ ਹੈ (ਰੱਤੀ ਦੀ ਵਰਤੋਂ ਸੋਨਾ ਤੋਲਣ ਲਈ ਕੀਤੀ ਜਾਂਦੀ ਸੀ)—ਟ.ਕ. ਅੰਗ. *crab's eye* (ਕੇਕੜੇ ਦੀ ਅੱਖ), ਵਿਕਸਤ ਅਰਥ ਰੱਤੀ (ਇਸ ਦੀ ਵੇਲ ਦਾ ਅੰਗਰੇਜ਼ੀ ਨਾਂ 'jequirity', ਅਤੇ ਬਨਸਪਤੀ ਵਿਗਿਆਨਕ ਨਾਂ 'Arbus precatorius' ਹੈ)।




**3.3 ਪਰਕਾਰ** : ਇਸ ਲਈ ਕਿ ਇਕ ਕਿਸਮ ਦੀ ਪਰਕਾਰ ਦੇ V-ਆਕਾਰ ਬਾਜ਼ੂ ਕੇਕੜੇ ਦੀਆਂ ਸਿੰਗੜੀਆਂ ਦੀ ਸੂਹ ਦਿੰਦੇ ਹਨ, ਜਦੋਂ ਕਿ ਇਸ ਦਾ ਕਬਜ਼ੇ ਵਾਲਾ ਭਾਗ ਕੇਕੜੇ ਦੇ ਸ਼ਰੀਰ ਦੀ ਪ੍ਰਤੀਨਿਧਤਾ ਕਰਦਾ ਪ੍ਰਤੀਤ ਹੁੰਦਾ ਹੈ—ਟ.ਕ. ਸੰਸ. 'ਕਰਕਟ', ਮੂਲ ਅਰਥ ਕੇਕੜਾ ; ਵਿਕਸਤ ਅਰਥ ਪਰਕਾਰ, (ਪੰਜ. 'ਕਾਕੜਾ', ਅਰਥਾਤ ਇਕ ਕਿਸਮ ਦੀ ਵੱਡੀ ਪਰਕਾਰ ਇਥੇ ਸਬੰਧਤ ਹੈ ; ਸਬੰਧਤ ਸ਼ਬਦ ਲਈ ਦੇਖੋ. ਪੰਜਾਬੀ ਕੋਸ਼, 'ਪਰਕਾਰ' ਅਧੀਨ)। ਹੋਰ ਟ. ਕ. ਯੂਨਾ. *karkinos*, ਕੇਕੜਾ ; ਹੋਰ ਅਰਥ ਪਰਕਾਰ (ਇਸ ਸ਼ਬਦ ਨੂੰ ਅੰਗ. 'carcinology', ਸ਼ਾਬਦਕ ਅਰਥ ਕੇਕੜਾ-ਵਿਗਿਆਨ, ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ) ; ਯੂਨਾਨੀ ਦਾ ਵਿਚਾਰ-ਅਧੀਨ ਸ਼ਬਦ ਉਪਰੋਕਤ ਸੰਸਕ੍ਰਿਤ 'ਕਰਕਟ' ਦਾ ਸਜਾਤੀ ਹੈ।



**4. ਮੱਕੜੀ** : ਇਹ ਇਕ ਅੱਠ-ਲੱਤਾ ਜੀਵ ਹੈ ਜਿਸ ਦੀਆਂ ਲੱਤਾਂ ਬੜੀਆਂ ਪਤਲੀਆਂ ਤੇ ਲੰਮ-ਸਲੰਮੀਆਂ ਹੁੰਦੀਆਂ ਹਨ। ਮੱਖੀ, ਮੱਛਰ ਆਦਿ ਦਾ ਸ਼ਿਕਾਰ ਕਰਨ ਲਈ ਮੱਕੜੀ ਬੜਾ ਮਹੀਨ ਜਾਲ ਬੁਣਦੀ ਹੈ। ਪੰਜਾਬੀ ਵਿਚ ਮੱਕੜੀ ਨੂੰ 'ਕਣ੍ਹਾਂ' ਵੀ ਕਿਹਾ ਜਾਂਦਾ ਹੈ (ਪਰ ਇਸ ਸ਼ਬਦ ਦਾ ਇੰਦਰਾਜ ਪੰਜਾਬੀ ਕੋਸ਼ ਵਿਚ ਨਹੀਂ ਮਿਲਦਾ)। ਮੱਕੜੀ ਦੇ ਰੂਪਕ ਇੰਜ ਬਣਦੇ ਹਨ :




**4.1 ਲੰਗੂਰ** : ਇਸ ਲਈ ਕਿ ਲੰਗੂਰ ਦਾ ਸ਼ਰੀਰ ਛੀਟਕਾ ਹੁੰਦਾ ਹੈ ਅਤੇ ਇਸ ਦੀਆਂ ਲੱਤਾਂ (ਕਣ੍ਹੇ ਦੀਆਂ ਲੱਤਾਂ ਵਾਂਗ) ਪਤਲੀਆਂ ਤੇ ਲੰਮੀਆਂ ਹੁੰਦੀਆਂ ਹਨ। ਕਣ੍ਹੇ ਤੇ ਲੰਗੂਰ ਵਿਚਕਾਰ ਇਕ ਹੋਰ ਸਾਂਝਾ ਪੱਖ ਵੀ ਹੈ; ਉਹ ਇਹ ਹੈ ਕਿ ਲੰਗੂਰ (ਕਣ੍ਹੇ ਵਾਂਗ) ਇਕ ਡਾਲੀ ਤੋਂ ਛਾਲ ਮਾਰ ਕੇ ਬੜੇ ਛੁਹਲੇਪਣ ਨਾਲ ਦੂਜੀ ਡਾਲੀ ਤਕ ਪਹੁੰਚਣ ਦੇ ਸਮਰੱਥ ਹੈ– ਟ. ਕ. ਸੰਸ. 'ਮਰਕਟ', ਇਕ ਅਰਥ ਮੱਕੜੀ, ਦੂਜਾ ਅਰਥ ਲੰਗੂਰ; ਦੇਖੋ ਮੋ. ਵਿਲੀ. (ਇਸ ਤਰ੍ਹਾਂ, ਪੰਜ. 'ਮੱਕੜੀ' ਦਾ ਸ਼ਬਦ ਵਿਚਾਰ-ਅਧੀਨ 'ਮਰਕਟ' ਦੇ ਇਸਤਰੀ-ਲਿੰਗ 'ਮਰਕਟੀ' ਤੇ ਆਧਾਰਤ ਹੈ)। 'ਮਰਕਟ' ਦੀ ਬਹੁਅਰਥਤਾ, ਅਰਥਾਤ ਮੱਕੜੀ ਅਤੇ ਲੰਗੂਰ ਦੇ ਦੁਕਾਰ੍ਹੇ ਲਈ ਦੇਖੋ ਅੰਗ. *spider monkey*



(ਮੂਲ ਅਰਥ ਮੱਕੜ-ਬਾਂਦਰ), ਵਿਕਸਤ ਅਰਥ ਇਕ ਪ੍ਰਕਾਰ ਦਾ ਪਤਲੀਆਂ, ਲੰਮੀਆਂ ਲੱਤਾਂ ਵਾਲਾ ਬਾਂਦਰ, ਜਿਸ ਦੀ ਲੰਮੀ ਪੂਛ ਦਰਖਤਾਂ ਦੀਆਂ ਟਹਿਣੀਆਂ ਨੂੰ ਫੜਨ ਦਾ ਕੰਮ ਦਿੰਦੀ ਹੈ। ਇਹ ਗੱਲ ਧਿਆਨਯੋਗ ਹੈ ਕਿ ਸੰਸਕ੍ਰਿਤ 'ਮਰਕਟ' ਦਾ ਢੁੱਕਵਾਂ ਭਾਵ ਇਕ ਵਿਸ਼ੇਸ਼ ਕਿਸਮ ਦਾ ਬਾਂਦਰ, ਅਰਥਾਤ ਲੰਗੂਰ ਬਣਦਾ ਹੈ। ਮੋ. ਵਿਲੀ. ਨੇ ਇਸ ਸਬੰਧ ਵਿਚ ਕੇਵਲ "monkey, ape", ਦਾ ਅਰਥ ਦਿੱਤਾ ਹੈ। ਪਰ ਮਹਾਨ ਕੋਸ਼ ਅਨੁਸਾਰ ਸਬੰਧਤ ਸ਼ਬਦ ('ਮਾਕੜ') ਦਾ ਅਰਥ ਲੰਗੂਰ ਹੈ, ਜੋ ਬੜਾ ਭਾਵਪੂਰਨ ਹੈ ਮੋ. ਵਿਲੀ. ਦੇ ਉਲਟ, ਟਰਨਰ ਨੇ 'ਮਰਕਟ' ਨੂੰ ਸਮਰੂਪਕ ਬਣਾ ਕੇ ਪੇਸ਼ ਕੀਤਾ

ਹੈ, ਜਿਸ ਦਾ ਅਰਥ ਇਹ ਨਿਕਲਦਾ ਹੈ ਕਿ ਮੱਕੜੀ ਅਤੇ ਲੰਗੂਰ ਦਾ ਆਪਸ ਵਿਚ ਕੋਈ ਸਬੰਧ ਨਹੀਂ।

**4.2 ਕੰਡਾ**, ਅਰਥਾਤ ਖੂਹ ਵਿਚ ਡਿੱਗੀ ਬਾਲਟੀ, ਡੋਲ ਆਦਿ ਕੱਢਣ ਵਾਲਾ ਲੋਹੇ ਦਾ ਯੰਤਰ, ਜਿਸ ਨਾਲ ਕੋਈ ਅੱਠ-ਦੱਸ ਲੰਮੀਆਂ ਤੇ ਲਟਕਦੀਆਂ ਕੁੰਡੀਆਂ ਮੱਕੜੀ ਦੀਆਂ ਲੱਤਾਂ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ। ਇਸ ਤੋਂ ਇਲਾਵਾ, ਕੰਡੇ ਦਾ ਸਿਰਾ, ਅਰਥਾਤ ਇਸ ਨੂੰ ਰੱਸੀ ਪਾਉਣ ਵਾਲਾ ਭਾਗ, ਕਣੇ ਦੇ ਸਿਰ ਦੀ ਤਸਵੀਰਕਸ਼ੀ ਕਰਦਾ ਜਾਪਦਾ ਹੈ—ਟ.ਕ. ਫ੍ਰਾਂ. *araignee*, ਮੂਲ ਅਰਥ ਮੱਕੜੀ (ਸਬੰਧਤ ਅੰਗ. 'Aranea', ਮੱਕੜੀ ਪ੍ਰਜਾਤੀ) ; ਵਿਕਸਤ ਅਰਥ ਖੂਹ ਦਾ ਕੰਡਾ ਜਾਂ ਕੁੰਡਾ (ਸਬੰਧਤ ਕੋਸ਼ ਦੀ ਵਿਆਖਿਆ ਅਨੁਸਾਰ "A branched grapnel used for recovering buckets from wells")।



ਉਪਰੋਕਤ ਸਬੰਧ ਵਿਚ ਹੋਰ ਦੇਖੋ ਅੰਗ. *spider* (ਮੱਕੜੀ), ਹੋਰ ਅਰਥ "Something resembling a spider, esp. any of various devices or frameworks with several leglike extensions (ਦੇਖੋ ਵੈਬਸਟਰ)।

**ਨੋਟ** : ਮੱਕੜੀ ਉਂਜ ਤੇ ਨਿਗੂਣਾ ਜਿਹਾ ਜੀਵ ਹੈ। ਪਰ ਇਸ ਨੇ ਸਾਡੀ ਸ਼ਬਦਾਵਲੀ ਵਿਚ ਵਿੱਤੋਂ ਵੱਧ ਯੋਗਦਾਨ ਪਾਇਆ ਹੈ। ਪੰਜਾਬੀ ਵਿਚ ਮਿਲਦੇ, 'ਮੱਕੜੀ' ਤੇ ਆਧਾਰਤ ਸ਼ਬਦ ਇੰਜ ਹਨ :

**ਮਕੌੜਾ** : ਕੀਟ (ਵਿਸ਼ੇਸ਼ ਕਰਕੇ 'ਕੀੜੇ-ਮਕੌੜੇ', ਮੂਲ ਅਰਥ ਕੀਟ ਅਤੇ ਮੱਕ-ੜੀਆਂ)। ਇਸ ਤੋਂ ਇਲਾਵਾ, 'ਮਕੌੜਾ' ਇਕ ਤਰ੍ਹਾਂ ਦੀ ਵੱਡੀ ਕਾਲੀ ਕੀੜੀ ਨੂੰ ਵੀ ਕਿਹਾ ਜਾਂਦਾ ਹੈ (ਟ.ਕ. 'ਮਕੌੜਾ-ਕਾਢਾ', ਮੂਲ ਅਰਥ "spider ant")।

**ਮਾਕੜੂ** : ਮਾਹਾਂ ਦੀ ਫਸਲ ਵਿਚ ਹੋਣ ਵਾਲੀ ਇਕ ਬੂਟੀ (ਦੇਖੋ ਪੰਜਾਬੀ ਕੋਸ਼), ਮੂਲ ਅਰਥ ਮੱਕੜੀਹਾਰ (ਟ.ਕ. ਗੁਜਰਾਤੀ 'ਮਾਕੜੂੰ', ਮੱਕੜੀ)। ਅਜਿਹਾ ਨਾਂ ਪੈਣ ਦਾ ਕਾਰਨ ਇਸ ਬੂਟੀ ਨੂੰ ਲਗਣ ਵਾਲੇ ਡੋਡਿਆਂ ਦਾ ਹੈ, ਜਿਨ੍ਹਾਂ ਦੇ ਖੁੱਲ੍ਹੇ ਮੂੰਹ ਤੇ ਮੱਕੜੀ ਦੇ ਜਾਲੇ ਵਰਗੀਆਂ ਚਮਕਦਾਰ ਤਾਰਾਂ ਵਲੀਆਂ ਹੁੰਦੀਆਂ ਹਨ। ਫਿਰ, 'ਮੱਕੜੀ' ਦਾ ਸ਼ਬਦ ਵੀ ਇਕ ਕਿਸਮ ਦੇ ਘਾਹ ਦਾ ਸੂਚਕ ਹੈ (ਦੇਖੋ ਪੰਜਾਬੀ ਕੋਸ਼)। ਮੋ. ਵਿਲੀ. ਵੀ 'ਮਰਕਟੀ' ਅਰਥਾਤ ਮੱਕੜੀ, ਦੇ ਅਧੀਨ "ਕਈ ਪ੍ਰਕਾਰ ਦੇ ਬੂਟਿਆਂ ਦਾ ਨਾਂ" ਦਾ ਸੰਕੇਤ ਦਿੰਦਾ ਹੈ।

**ਮੱਕੜ** : ਧੋਖੇਬਾਜ਼ ਬੰਦਾ (ਦੇਖੋ ਪੰਜਾਬੀ ਕੋਸ਼), ਮੂਲ ਅਰਥ (ਸਲੈਂਗ ਵਰਤੋਂ ਵਜੋਂ)

ਅਜਿਹਾ ਵਿਅਕਤੀ ਜੋ ਮੱਕੜੀ ਵਾਂਗ ਜਾਲ ਲਾ ਕੇ, ਧੋਖੇ ਨਾਲ, ਕਿਸੇ ਨੂੰ ਫਸਾਵੇ (ਟ.ਕ. ਹਿੰਦੀ 'ਮੱਕੜ', ਕਣ੍ਹੇ ਵਾਂਗ ਲੰਮਾ ਅਤੇ ਪਤਲਾ ਵਿਅਕਤੀ ; ਦੇਖੋ ਪਲੈਟਸ) । ਇਸ ਅਰਥ ਦੀ ਸਪਸ਼ਟੀ ਲਈ ਦੇਖੋ ਅੰਗ. *spider* (ਮੱਕੜੀ), "applied to a person as an opprobrious or vituperative term" (ਦੇਖੋ Shorter Oxford English Dictionary) ।

**5. ਚਿੜੀ** : ਇਹ ਇਕ ਨੰਨ੍ਹਾ-ਮੁੰਨਾ ਪੰਛੀ ਹੈ, ਜੋ ਸਾਡੇ ਘਰਾਂ ਦਾ ਸ਼ਰੀਕ, ਸਾਡੇ ਪਰਿਵਾਰ ਦੇ ਇਕ ਜੀ ਵਜੋਂ ਰਹਿੰਦਾ ਹੈ (ਵਰਤਮਾਨ ਸ਼ਹਿਰੀ ਘਰਾਂ ਵਿਚੋਂ ਤਾਂ ਇਸ ਨੂੰ ਬੇਦਖਲ ਕਰ ਦਿੱਤਾ ਗਿਆ ਹੈ) । ਪੰਜਾਬੀ ਆਤਮਾ ਉੱਤੇ ਚਿੜੀ ਦੀ ਡੂੰਘੀ ਛਾਪ ਲਗੀ ਪਈ ਹੈ । ਕੁੜੀਆਂ ਦੀ ਤੁਲਨਾ, ਪਿਆਰ ਵਜੋਂ, ਚਿੜੀਆਂ ਨਾਲ ਕੀਤੀ ਹੈ, ਜਿਵੇਂ 'ਕੁੜੀਆਂ-ਚਿੜੀਆਂ' ਤੋਂ ਅਜਿਹਾ ਸੰਕੇਤ ਮਿਲਦਾ ਹੈ । ਠੀਕ ਇੰਜ ਹੀ ਲਾਤੀਨੀ *passercula*




(ਛੋਟੀ ਚਿੜੀ) ਦਾ ਵਿਕਸਤ ਅਰਥ ਕੁੜੀ ਨਿਕਲਦਾ ਹੈ । ਚਿੜੀ ਦੇ ਕੁਝ ਰੂਪਕ ਇੰਜ ਬਣਦੇ ਹਨ :

**5.1 ਸਿਰ ਦੇ ਵਾਲਾਂ ਦੀ ਚਿੜੀ,** ਅਰਥਾਤ ਜ਼ਨਾਨਾ ਸ਼ਿੰਗਾਰ ਵਜੋਂ ਬਣਾਈ ਵਾਲਾਂ ਦੀ ਇਕ ਬਣਤਰ, ਜਿਸ ਤੋਂ ਚਿੜੀਆਂ (ਦੇ ਖੰਭਾਂ) ਦਾ ਭੁਲੇਖਾ ਪੈਂਦਾ ਹੈ—ਟ.ਕ. ਪੰਜ. 'ਫੁੱਲ-ਚਿੱੜੀਆਂ', ਇੰਜ ।




**5.2 ਨਲਕੇ ਦੀ ਚਿੜੀ,** ਅਰਥਾਤ ਹੱਥੀ ਵਾਲੇ ਨਲਕੇ ਦੀ ਬੋਕੀ ਵਾਲੀ ਸੀਖ ਦੇ ਸਿਰੇ ਤੇ ਲਗਾ ਇਕ ਪ੍ਰਕਾਰ ਦਾ ਪਿੰਨ ।





**5.3 ਨੇਫੇ ਦੀ ਚਿੜੀ**, ਅਰਥਾਤ ਸਲਵਾਰ ਜਾਂ ਪਜਾਮੇ ਦੇ ਨੇਫੇ ਦਾ ਖੁੱਲਾ ਭਾਗ, ਜੋ ਤਿਕੋਣੀ ਕਾਟ ਦਾ ਹੁੰਦਾ ਹੈ। ਇਸ ਦੀ ਕਾਲਪਨਿਕ (fanciful) ਸਮਾਨਤਾ ਖੰਭ ਖਲਾਰ ਕੇ ਬੈਠੀ ਚਿੜੀ ਨਾਲ਼ ਕੀਤੀ ਗਈ ਹੈ (ਚਿੜੀ ਦਾ ਅਜਿਹਾ ਅਰਥ ਪੰਜਾਬੀ ਕੋਸ਼ ਵਿਚ ਨਹੀਂ ਮਿਲਦਾ। ਹਿੰਦੀ 'ਚਿੜੀਆ' ਦੇ ਅਜਿਹੇ ਅਰਥ ਲਈ ਦੇਖੋ ਪਲੈਟਸ)।






**6. ਕੁੱਕੜ, ਕੁੱਕੜੀ :** ਕੁੱਕੜ ਦੀ ਮੁੱਖ ਵਿਸ਼ੇਸ਼ਤਾ ਇਸ ਦੇ ਸਿਰ ਤੇ ਲਗੀ ਕਲਗੀ ਹੈ। ਇਸ ਦੀ ਪੂਛ ਉਪਰ ਨੂੰ ਨੂੰ ਉੱਠੀ ਹੁੰਦੀ ਹੈ ਅਤੇ ਧੌਣ ਲੰਮੀ ਹੁੰਦੀ ਹੈ, ਜਿਸ ਨੂੰ ਇਹ ਲਗਾਤਾਰ ਇਧਰ-ਉਧਰ ਘੁਮਾਉਂਦਾ ਰਹਿੰਦਾ ਹੈ। ਸਾਡੀ ਭਾਸ਼ਾ ਦੇ ਟਾਕਰੇ ਤੇ ਅੰਗਰੇਜ਼ੀ ਵਿਚ ਕੁੱਕੜ ਦਾ ਵਧੇਰੇ ਅਰਥ ਵਿਕਾਸ ਹੋਇਆ ਹੈ। ਕੁੱਕੜ ਅਤੇ ਇਸ ਦੀ ਮਦੀਨ, ਕੁੱਕੜੀ ਨਿਮਨ ਰੂਪਕਾਂ ਦੇ ਦਾਅਵੇਦਾਰ ਹਨ :



**6.1 ਅੱਕ ਦੀ ਅੰਬੀ**, ਕਿਉਂ ਜੋ ਇਸ ਦੇ ਡੰਡੀ ਵਾਲੇ ਪਾਸੇ ਤੋਂ ਕੁੱਕੜੀ ਦੀ ਧੌਣ, ਅਤੇ ਪਿਛਲੇ ਪਾਸੇ ਤੋਂ ਕੁੱਕੜੀ ਦੀ ਉਤਾਂਹ ਨੂੰ ਉੱਠੀ ਪੂਛ ਦਾ ਭਰਮ ਪੈਂਦਾ ਹੈ—ਟ.ਕ. ਪੰਜ. 'ਕੁੱਕੜੀ', ਇੰਜ ('ਕੁੱਕੜੀ', ਅਰਥਾਤ ਮੁਰਗੀ, ਦਾ ਇਕ ਭੇਦ)।


**6.2 ਪਾਣੀ ਦੀ ਟੂਟੀ,** ਇਸ ਲਈ ਕਿ ਟੂਟੀ ਦਾ ਉਪਰਲਾ, ਅਰਥਾਤ ਉਸ ਨੂੰ ਘੁੰਮਾਉਣ ਵਾਲਾ ਭਾਗ, ਕੁੱਕੜ ਦੀ ਕਲਗੀ ਦੇ ਤੁਲ ਲਗਦਾ ਹੈ, ਜਦੋਂ ਕਿ ਥੱਲੇ ਨੂੰ ਮੁੜਿਆ ਅਰਥਾਤ ਪਾਣੀ ਨਿਕਲਣ ਵਾਲਾ ਭਾਗ, ਕੁੱਕੜ ਦੀ ਚੁੰਝ ਦੀ ਨਕਲ ਮਾਰਦਾ ਜਾਪਦਾ ਹੈ—ਟ. ਕ. ਅੰਗ. *cock*, ਕੁੱਕੜ ; ਪਾਣੀ ਦੀ ਟੂਟੀ ; ਸਮਾਨ *stop cock* (ਪੰਛੀ ਦੀ ਚੁੰਝ ਅਤੇ ਟੂਟੀ ਦੀ ਸਾਂਝ ਲਈ ਦੇਖੋ ਅੰਗ. *beak*, ਪੰਛੀ ਦੀ ਚੁੰਝ ; ਹੋਰ ਅਰਥ ਭਾਂਡੇ ਦੀ ਟੂਟੀ) ।



**7. ਖੰਭ :** ਪੰਛੀ ਦੇ ਖੰਭ ਉਸ ਦੀ ਸ਼ਕਤੀ ਹਨ, ਜੋ ਉਸ ਨੂੰ ਹਵਾ ਵਿਚ ਉਡਣ ਦੇ ਯੋਗ ਬਣਾਉਂਦੇ ਹਨ । ਇਹ ਪਤਲੇ-ਪਤੰਗ ਹੁੰਦੇ ਹਨ, ਅਤੇ ਬਣਤਰ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਵਿਚਕਾਰ ਇਕ ਵੱਡੀ ਰੰਗਦਾਰ ਬਣਤਰ ਹੁੰਦੀ ਹੈ, ਜਿਸ ਦੇ ਆਲੇ-ਦੁਆਲੇ ਛੋਟੀਆਂ ਰਗਾਂ ਹੁੰਦੀਆਂ ਹਨ । ਖੰਭਾਂ ਦੇ ਪਰਛਾਵੇਂ ਇੰਜ ਹਨ :




**7.1 ਦਰਖਤ ਦਾ ਪੱਤਾ,** ਖੰਭ ਵਰਗੇ ਆਕਾਰ ਤੇ ਬਣਤਰ ਪੱਖੋਂ । ਇਸ ਤੋਂ ਇਲਾਵਾ, ਜਿਵੇਂ ਪੰਛੀ ਹਵਾ ਵਿਚ ਪਰ ਫੜਫੜਾਉਂਦਾ ਹੈ, ਦਰਖਤ ਦੇ ਪੱਤੇ ਵੀ ਹਵਾ ਦੇ ਰੁਮਕਣ ਨਾਲ ਉਡਾਰੀਆਂ ਮਾਰਦੇ ਪ੍ਰਤੀਤ ਹੁੰਦੇ ਹਨ—ਟ.ਕ. ਸੰਸ. 'ਪੱਤ੍ਰ', ਮੁਢਲਾ ਅਰਥ ਉਡਣ ਦਾ ਮਾਧਿਅਮ, ਅਰਥਾਤ ਪੰਛੀ ਦਾ ਖੰਭ (ਸਜਾਤੀ ਅੰਗ. *feather*, ਅਤੇ ਇਸ ਹੀ ਅਰਥ ਵਿਚ ਸਜਾਤੀ ਅੰਗ.




ਵਲੋਂ ਯੂਨਾ. *ptero*), ਵਿਕਸਤ ਅਰਥ ਦਰਖਤ ਦਾ ਪੱਤਾ (ਮੋ. ਵਿਲੀ. ਨੇ ਇਸ ਅਰਥ ਵਿਕਾਸ ਨੂੰ "regarded as the plumage of a tree or flower" ਦੇ ਰੂਪ ਵਿਚ ਪ੍ਰਮਾਣਿਆਂ ਹੈ) ਹੋਰ ਟ. ਕ; ਪੰਜ. 'ਪੰਖੜੀ', ਫੁੱਲ ਦੀ ਪੱਤੀ, ਸ਼ਾਬਦਕ ਅਰਥ ਛੋਟਾ ਪੰਖ, ਅਰਥਾਤ ਖੰਭ ।

**7.2 ਕਿਸ਼ਤੀ ਦਾ ਬਾਦਬਾਨ**, ਇਸ ਹਿਸਾਬ ਨਾਲ ਕਿ ਬਾਦਬਾਨ ਮਾਨੋਂ ਕਿਸ਼ਤੀ ਦਾ ਖੰਭ ਹੈ, ਜੋ ਹਵਾ ਦੀ ਸਹਾਇਤਾ ਨਾਲ ਉਸ ਨੂੰ ਅਗਾਂਹ ਤੋਰਦਾ ਹੈ। ਇਸ ਹਾਲਤ ਵਿਚ ਕਿਸ਼ਤੀ ਦੇ ਪਾਣੀ ਉਪਰ ਵਹਿਣ ਨੂੰ ਪੰਛੀ ਦੇ ਹਵਾ ਵਿਚ ਉਡਣ ਦੇ ਤੁਲ ਸਮਝਿਆ ਗਿਆ ਹੈ—ਟ. ਕ. ਅੰਗ. ਵਲੋਂ ਯੂਨਾ. *pterygo*, ਪੰਛੀ ਦਾ ਖੰਭ (ਉਪਰੋਕਤ *ptero* ਦਾ ਵਧਿਆ ਰੂਪ) ; ਇਸ ਦਾ ਯੂਨਾਨੀ ਵਿਚ ਮਿਲਦਾ ਅਰਥ ਕਿਸ਼ਤੀ ਦਾ ਬਾਦਬਾਨ ਵੀ ਹੈ ।



**7.3 ਅੱਖਾਂ ਦੇ ਛੱਪਰ ਦੇ ਵਾਲ**, ਇਸ ਲਈ ਕਿ ਇਨ੍ਹਾਂ ਤੋਂ ਖੰਭ ਦੀ ਵਾਲਦਾਰ ਬਣਤਰ ਦਾ ਝਾਉਲਾ ਪੈਂਦਾ ਹੈ। ਇਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਅੱਖਾਂ ਦੇ ਡੇਲੇ ਤੋਂ, ਜਿਸ ਦੇ ਦੋਨੀਂ ਪਾਸੀਂ ਵਾਲਾਂ ਦੀ ਝਾਲਰ ਹੁੰਦੀ ਹੈ, ਖੰਭ ਦੇ ਆਕਾਰ ਦਾ ਸੁਝਾਉ ਵੀ ਮਿਲਦਾ ਹੈ। ਫਿਰ, ਖੰਭਾਂ ਦੇ ਫੜ-ਫੜਾਉਣ ਵਾਂਗ, ਅੱਖਾਂ ਦੀਆਂ ਝਿੰਮਣੀਆਂ ਵੀ ਹਿਲਦੀਆਂ ਰਹਿੰਦੀਆਂ ਹਨ। ਵਿਆਖਿਆ ਕਿਵੇਂ ਵੀ ਹੋਵੇ, ਇਹ ਇਕ ਹਕੀਕਤ ਹੈ ਕਿ ਸੰਸਕ੍ਰਿਤ 'ਪਕਸ਼ਮਨ', ਅਰਥਾਤ ਅੱਖ ਦੇ ਛੱਪਰ ਦੇ ਵਾਲ, 'ਪਕਸ਼', ਅਰਥਾਤ ਪੰਛੀ ਦੇ ਖੰਭ, ਦਾ ਵਧਿਆ ਰੂਪ ਹੈ।




**ਨੋਟ** : ਪੰਜਾਬੀ ਦੇ ਹੇਠ-ਦਿੱਤੇ ਸ਼ਬਦ ਵੀ ਖੰਭਾਂ ਦੀ ਬਰਾਬਰੀ ਕਰਦੇ ਹਨ :

**ਫੰਬਾ ਜਾਂ ਫੰਭਾ** ('ਖੰਭ' ਦਾ ਰੂਪਅੰਤਰ), ਪਿੰਜੇ ਹੋਏ ਰੂੰ ਦਾ ਛੋਟਾ ਜਿਹਾ ਟੁਕੜਾ ; ਇਸ ਲਈ ਕਿ ਇਹ ਪੰਛੀ ਦੇ ਛੋਟੇ ਜਿਹੇ ਖੰਭ, ਅਰਥਾਤ ਖੰਭੀ ਵਾਂਗ ਬੜਾ ਹਲਕਾ-ਫੁਲਕਾ ਤੇ ਮੁਲੈਮ ਹੁੰਦਾ ਹੈ (ਪੰਜਾਬੀ ਕੋਸ਼ ਅਨੁਸਾਰ, ਇਹ ਫਾਰਸੀ 'ਪੰਬਾ', ਅਰਥਾਤ ਰੂੰ, ਤੇ ਆਧਾਰਤ ਹੈ)।

**ਫੰਬੇ** (ਉਪਰੋਕਤ ਨਾਲ ਸਬੰਧਤ), ਖੁਲ੍ਹੀਆਂ ਲਿਟਾਂ, (ਮੂਲ ਅਰਥ ਖੰਭੀਆਂ) । ਅਜਿਹੇ ਅਰਥ ਵਿਕਾਸ ਲਈ ਦੇਖੋ ਕ੍ਰੋਸ਼ੀਅਨ *perčin*, ਵਾਲਾਂ ਦੀ ਲਿਟ ; ਹੋਰ ਅਰਥ ਗੁਤਨੀ ; ਮੂਲ ਅਰਥ ਛੋਟਾ ਖੰਭ (ਸਬੰਧਤ *pero*, ਪੰਛੀ ਦਾ ਖੰਭ) ।


**8. ਹਥੇਲੀ :** ਇਹ ਮਨੁੱਖੀ ਹੱਥ ਦਾ ਚਪਟਾ ਭਾਗ ਹੈ, ਜਿਸ ਨਾਲ ਪੰਜਾਂ ਉਂਗਲੀਆਂ ਦਾ ਖਿਲਾਰ ਹੈ। ਹਥੇਲੀ ਦੀ ਤੁਲਨਾ ਇੰਜ ਮਿਲਦੀ ਹੈ :



**8.1 ਪਾਮ ਦਾ ਬ੍ਰਿਛ**, (ਜਿਵੇਂ ਤਾੜ, ਖਜੂਰ, ਨਾਰੀਅਲ ਆਦਿ), ਇਸ ਲਈ ਕਿ ਇਸ ਦੇ ਪੱਤੇ ਮਨੁੱਖ ਦੇ ਖੁੱਲ੍ਹੇ ਹੱਥ ਦੀ ਤਸਵੀਰ ਪੇਸ਼ ਕਰਦੇ ਹਨ—ਟ. ਕ. ਸੰਸ. 'ਤਾਲ', ਇਕ ਅਰਥ ਹਥੇਲੀ (ਇਸ ਲਈ ਪੰਜ. 'ਤਾੜੀ', ਹਿੰਦੀ 'ਤਾਲੀ'), ਦੂਜਾ ਅਰਥ ਤਾੜ ਦਾ ਦਰਖਤ (ਇਸ ਲਈ ਪੰਜ. 'ਤਾੜ')। ਇੰਜ ਹੀ ਅੰਗ. *palm*, ਇਕ ਅਰਥ ਹਥੇਲੀ, ਦੂਜਾ ਅਰਥ ਪਾਮ ਦਾ ਬਿਰਛ। ਹੋਰ ਟ.ਕ. ਅੰਗ. *date* (ਸਮਾਨ ਹੈ *date palm*), ਖਜੂਰ ਦਾ ਦਰਖਤ (ਯੂਨਾ. *daktylos*, ਅਰਥਾਤ "ਖਜੂਰ ਦਾ ਦਰਖਤ ; ਹਥੇਲੀ, ਉਂਗਲੀ", ਦਾ ਬਦਲਿਆ ਰੂਪ)। ਇੰਜ ਕਰਕੇ ਅੰਗ. *date* (ਖਜੂਰ ਦਾ ਦਰਖਤ) ਅਤੇ ਅੰਗ. *dactyl* (ਉਂਗਲੀ) ਇਕੋ ਹੀ ਸੂਤ ਦੇ ਸ਼ਬਦ ਹਨ।



**9. ਡੰਡੀ :** ਡੰਡਾ, ਇਕ ਲੰਮੀ ਸਿੱਧੀ ਤੇ ਸਾਧਾਰਣ ਮੁਟਾਈ ਵਾਲੀ ਲੱਕੜ ਦਾ ਟੋਟਾ ਹੈ, ਜਿਸ ਦਾ ਇਸਤਰੀ ਲਿੰਗ ਰੂਪ ਡੰਡੀ ਬਣਦਾ ਹੈ। ਪੰਜਾਬੀ ਸ਼ਬਦ 'ਡੰਡੀ' ਦੇ ਅਨੇਕ ਰੂਪ ਮਿਲਦੇ ਹਨ, ਜਿਵੇਂ :



9.1 ਛਤਰੀ (ਜਾਂ ਤੱਕੜੀ) ਦੀ ਡੰਡੀ




9.2 ਕੜਛੀ ਜਾਂ ਚਮਚੇ ਦੀ ਡੰਡੀ, ਅਰਥਾਤ ਦਸਤਾ

9.3 ਕੱਪ ਦੀ ਡੰਡੀ, ਅਰਥਾਤ ਉਸ ਨੂੰ ਹੱਥ ਵਿਚ ਫੜਨ ਵਾਲਾ ਭਾਗ




9.4 ਫੁੱਲ ਜਾਂ ਮਿਰਚ ਦੀ ਡੰਡੀ, ਅਰਥਾਤ ਡਾਲੀ ਨਾਲ ਜੋੜਨ ਵਾਲਾ ਭਾਗ





9.5 ਪੂਰਨ ਵਿਸ਼ਰਾਮ-ਚਿੰਨ੍ਹ, ਜੋ ਛੋਟੀ ਜਿਹੀ ਖੜ੍ਹਵੀਂ ਲਕੀਰ ਦਾ ਸੂਚਕ ਹੈ।

9.6 ਧਰਤੀ ਤੇ ਪਈ ਲਕੀਰ, ਅਰਥਾਤ ਘੱਟ ਚੌੜਾ ਰਸਤਾ



ਨੋਟ : ਸੰਸ. 'ਦੰਡਿਕਾ' (ਛੋਟਾ ਡੰਡਾ, ਡੰਡੀ) ਦੇ ਵਿਕਸਤ ਅਰਥਾਂ ਵਿਚ "ਲਕੀਰ, ਰੇਖਾ", ਅਤੇ ਇਸ ਤੋਂ ਛੁੱਟ "ਰੱਸੀ, ਡੋਰੀ" ਵੀ ਸ਼ਾਮਲ ਹਨ (ਅਜਿਹੀ ਅਰਥ ਅਨੁਸਾਰਤਾ ਲਈ ਦੇਖੋ ਅੰਗ. *line*, ਇਕ ਅਰਥ ਰੱਸੀ, ਡੋਰੀ, ਦੂਜਾ ਅਰਥ ਲਕੀਰ, ਰੇਖਾ)।



www.indoeuropeanetymology.com